# ਓਨਟੈਰੀਓ ਦੀ ਕਾਰਵਾਈ ਯੋਜਨਾ: COVID-19 ਵਾਸਤੇ ਕਦਮ ਉਠਾਉਣਾ

*ਪ੍ਰੀਮੀਅਰ Ford ਅਤੇ ਮੰਤਰੀ Phillips ਨੇ ਲੋਕਾਂ, ਨੌਕਰੀਆਂ ਅਤੇ ਰੁਜ਼ਗਾਰਦਾਤਾਂ ਵਾਸਤੇ ਵਧੀਕ ਸਿਹਤ ਸਰੋਤਾਂ ਅਤੇ ਸਹਾਇਤਾ ਦਾ ਐਲਾਨ ਕੀਤਾ*

ਖ਼ਬਰ

25 ਮਾਰਚ, 2020

ਟੋਰੰਟੋ — ਅੱਜ, ਵਿੱਤ ਮੰਤਰੀ Rod Phillips ਨੇ *ਓਨਟੈਰੀਓ ਦੀ ਕਾਰਵਾਈ ਯੋਜਨਾ: COVID-19 ਵਾਸਤੇ ਕਦਮ ਉਠਾਉਣਾ (ਮਾਰਚ 2020 ਆਰਥਿਕ ਅਤੇ ਵਿੱਤੀ ਅੱਪਡੇਟ) ਨੂੰ ਰਿਲੀਜ਼ ਕੀਤਾ।*

ਸਰਕਾਰ ਦੀ ਕਾਰਵਾਈ ਯੋਜਨਾ COVID-19 ਵਾਸਤੇ ਇਸਦੇ ਜਵਾਬ ਵਜੋਂ ਪਹਿਲਾ ਕਦਮ ਹੈ ਅਤੇ ਇਸ ਵਿੱਚ ਸਿਹਤ ਸੰਭਾਲ ਪ੍ਰਣਾਲੀ ਵਾਸਤੇ ਵਧੀਕ ਵਸੀਲਿਆਂ ਅਤੇ ਲੋਕਾਂ ਅਤੇ ਨੌਕਰੀਆਂ ਵਾਸਤੇ ਸਿੱਧੀ ਸਹਾਇਤਾ ਲਈ $7 ਬਿਲੀਅਨ ਸ਼ਾਮਲ ਹਨ। ਇਹ ਯੋਜਨਾ ਟੈਕਸ ਅਤੇ ਹੋਰ ਸਥਗਿਤੀਆਂ (deferrals) ਰਾਹੀਂ ਲੋਕਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ $10 ਬਿਲੀਅਨ ਹੋਰ ਵੀ ਉਪਲਬਧ ਕਰਵਾਏਗੀ ਤਾਂ ਜੋ ਨੌਕਰੀਆਂ ਅਤੇ ਘਰੇਲੂ ਬੱਜਟਾਂ ਦੀ ਰੱਖਿਆ ਕਰਦੇ ਹੋਏ, ਉਹਨਾਂ ਦੀ ਨਕਦੀ ਦੇ ਪ੍ਰਵਾਹ (cash flow) ਵਿੱਚ ਸੁਧਾਰ ਕੀਤਾ ਜਾ ਸਕੇ।

ਇਹ $17 ਬਿਲੀਅਨ ਦੀ ਪ੍ਰਤੀਕਿਰਿਆ ਇਹ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਪਹਿਲਾ ਕਦਮ ਹੈ ਕਿ ਸਾਡੀ ਸਿਹਤ ਸੰਭਾਲ ਪ੍ਰਣਾਲੀ, ਭਾਈਚਾਰਿਆਂ ਅਤੇ ਆਰਥਿਕਤਾ ਨੂੰ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਇਆ ਜਾਵੇ। ਇਸ ਯੋਜਨਾ ਵਿੱਚ ਵਧੀਕ ਸਿਹਤ ਸੰਭਾਲ ਨਿਵੇਸ਼ਾਂ ਦੇ ਭਾਗ ਵਜੋਂ ਸਮਝਦਾਰੀ ਦੇ ਇਤਿਹਾਸਕ ਪੱਧਰ ਸ਼ਾਮਲ ਹਨ, ਜਿਸ ਵਿੱਚ $1 ਬਿਲੀਅਨ ਦਾ COVID-19 ਸੰਕਟਕਾਲੀ ਫੰਡ ਵੀ ਹੈ, ਅਤੇ ਨਾਲ ਹੀ ਬਦਲਦੇ ਅੰਤਰਰਾਸ਼ਟਰੀ ਹਾਲਾਤਾਂ ਦਾ ਜਵਾਬ ਦੇਣ ਲਈ ਨਿਰੰਤਰ ਲਚਕਦਾਰਤਾ ਪ੍ਰਦਾਨ ਕਰਾਉਣ ਵਾਸਤੇ ਬੇਮਿਸਾਲ $2.5 ਬਿਲੀਅਨ ਦਾ ਰਾਖਵਾਂ ਫੰਡ ਅਤੇ $1.3 ਬਿਲੀਅਨ ਦਾ ਵਧਾਇਆ ਗਿਆ ਸੰਕਟਕਾਲੀ ਫੰਡ ਵੀ ਸ਼ਾਮਲ ਹਨ।

ਯੋਜਨਾ ਵਿੱਚ ਵਧੀਕ ਸਿਹਤ ਸੰਭਾਲ ਸਰੋਤਾਂ ਵਜੋਂ $3.3 ਬਿਲੀਅਨ ਸ਼ਾਮਲ ਹਨ ਤਾਂ ਜੋ ਓਨਟੈਰੀਓ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਦੀ ਰੱਖਿਆ ਕੀਤੀ ਜਾ ਸਕੇ।

"ਵਿੱਤ ਮੰਤਰੀ ਵਜੋਂ, ਇਸ ਵਕਤ ਮੇਰੀ ਨੰਬਰ ਇੱਕ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਸਾਡੇ ਮੂਹਰਲੀ-ਕਤਾਰ ਦੇ ਸਿਹਤ ਸੰਭਾਲ ਪੇਸ਼ੇਵਰਾਂ ਕੋਲ ਉਹ ਵਸੀਲੇ ਹੋਣ ਜਿਨ੍ਹਾਂ ਦੀ ਉਹਨਾਂ ਨੂੰ COVID-19 ਦੀ ਮਹਾਂਮਾਰੀ ਨਾਲ ਲੜਨ ਵਾਸਤੇ ਲੋੜ ਹੈ," ਮੰਤਰੀ Phillips ਨੇ ਕਿਹਾ। "ਓਨਟੈਰੀਓ ਦੇ ਲੋਕ ਇਹ ਭਰੋਸਾ ਕਰ ਸਕਦੇ ਹਨ ਕਿ ਅਸੀਂ ਉਹਨਾਂ ਦੀ ਸਿਹਤ ਅਤੇ ਤੰਦਰੁਸਤੀ ਦੀ ਰੱਖਿਆ ਕਰਨ ਲਈ ਸਾਰੇ ਜ਼ਰੂਰੀ ਕਦਮ ਉਠਾਵਾਂਗੇ। ਇਹ ਵਧੀਕ ਵਸੀਲੇ ਹਸਪਤਾਲ ਸਮਰੱਥਾ ਦਾ ਵਿਸਤਾਰ ਕਰਨਗੇ, ਲੰਬੀ-ਮਿਆਦ ਦੀ ਸੰਭਾਲ ਵਿਚਲੇ ਸਾਡੇ ਨਜ਼ਦੀਕੀਆਂ ਦੀ ਰੱਖਿਆ ਕਰਨਗੇ, ਅਤੇ ਸਾਡੇ ਸਰਕਾਰੀ ਸਿਹਤ ਅਧਿਕਾਰੀਆਂ ਦੇ ਕਾਰਜ ਵਿੱਚ ਸਹਾਇਤਾ ਕਰਨਗੇ ਤਾਂ ਜੋ ਵਾਇਰਸ ਦੇ ਵਾਧੇ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਬਿਮਾਰੀ ਦੇ ਫੈਲਾਅ ਨੂੰ ਧੀਮਾ ਕੀਤਾ ਜਾ ਸਕੇ।

ਸਿਹਤ

- COVID-19 ਦੀ ਮਹਾਂਮਾਰੀ ਫੈਲਣ ਨਾਲ ਸੰਬੰਧਿਤ ਉਪਜਣ ਵਾਲੀਆਂ ਲੋੜਾਂ ਵਾਸਤੇ ਇੱਕ $1.0 ਬਿਲੀਅਨ ਦੇ ਸਮਰਪਿਤ COVID-19 ਸੰਕਟਕਾਲੀ ਫ਼ੰਡ ਲਈ ਵਚਨਬੱਧਤਾ ਦੇਣਾ।
- ਹਸਪਤਾਲ ਸੈਕਟਰ ਵਾਸਤੇ $935 ਮਿਲੀਅਨ ਦਾ ਨਿਵੇਸ਼ ਕਰਨਾ, ਜਿਸ ਵਿੱਚ ਸਮਰੱਥਾ ਸੰਬੰਧੀ ਮਸਲੇ ਹੱਲ ਕਰਨ ਲਈ ਸਰਕਾਰ ਦੀ ਵਚਨਬੱਧਤਾ ਬਾਰੇ ਪ੍ਰਗਤੀ ਨੂੰ ਤੇਜ਼ ਕਰਨ ਵਾਸਤੇ $594 ਮਿਲੀਅਨ ਦਾ ਫੰਡ ਵੀ ਸ਼ਾਮਲ ਹੈ, ਅਤੇ ਨਾਲ ਹੀ ਵਧੀਕ 1,000 ਤੀਬਰ ਸੰਭਾਲ ਅਤੇ 500 ਅਤੀ ਨਾਜ਼ੁਕ ਸੰਭਾਲ ਵਾਲੇ ਬਿਸਤਰਿਆਂ ਅਤੇ ਵਧੀਕ ਮੁਲਾਂਕਣ ਕੇਂਦਰਾਂ ਵਾਸਤੇ $341 ਮਿਲੀਅਨ ਦਾ ਫੰਡ ਵੀ ਸ਼ਾਮਲ ਹੈ।
- COVID-19 ਦੀ ਨਿਗਰਾਨੀ, ਚੌਕਸੀ, ਅਤੇ ਪ੍ਰਯੋਗਸ਼ਾਲਾ ਅਤੇ ਘਰ ਵਿੱਚ ਟੈਸਟਿੰਗ ਸੰਬੰਧੀ ਸਹਾਇਤਾ ਕਰਨ ਲਈ ਸਰਕਾਰੀ ਸਿਹਤ ਫ਼ੰਡਾਂ ਨੂੰ $160 ਮਿਲੀਅਨ ਤੱਕ ਵਧਾਉਣਾ, ਅਤੇ ਨਾਲ ਹੀ ਆਭਾਸੀ ਸੰਭਾਲ (virtual care) ਅਤੇ Telehealth Ontario (ਟੈਲੀਹੈਲਥ ਓਨਟੈਰੀਓ) ਵਿੱਚ ਵੀ ਨਿਵੇਸ਼ ਕਰਨਾ।
- ਲੰਬੀ-ਮਿਆਦ ਦੀ ਸੰਭਾਲ ਦੇ ਖੇਤਰ ਵਿੱਚ ਵਾਧੂ ਸਮਰੱਥਾ ਵਾਸਤੇ $243 ਮਿਲੀਅਨ ਦਾ ਨਿਵੇਸ਼ ਕਰਨਾ, ਅਤੇ ਨਾਲ ਹੀ 24/7 ਪੜਤਾਲ ਵਾਸਤੇ ਫ਼ੰਡ ਸਹਾਇਤਾ, ਲਾਗ (infection) ਨੂੰ ਕੰਟਰੋਲ ਕਰਨ ਵਿੱਚ ਸਹਾਇਤਾ ਵਾਸਤੇ ਹੋਰ ਅਮਲਾ, ਅਤੇ COVID-19 ਮਹਾਂਮਾਰੀ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਸਪਲਾਈਆਂ ਅਤੇ ਸਾਜ਼ੋ-ਸਮਾਨ।
- COVID-19 ਨਾਲ ਸਿੱਝਣ ਵਾਸਤੇ ਮੂਹਰਲੀ-ਕਤਾਰ ਦੇ ਅਮਲੇ ਲਈ ਨਿੱਜੀ ਰੱਖਿਆਤਮਕ ਸਾਜ਼ੋ-ਸਮਾਨ ਅਤੇ ਅਤੀ ਅਹਿਮ ਡਾਕਟਰੀ ਸਪਲਾਈਆਂ ਦੀ ਪੂਰਤੀ ਕਰਨ ਲਈ $75 ਮਿਲੀਅਨ ਦਾ ਨਿਵੇਸ਼ ਕਰਨਾ।

ਇਸ ਕਾਰਵਾਈ ਯੋਜਨਾ ਦੇ ਭਾਗ ਵਜੋਂ, ਪ੍ਰਾਂਤ ਨੇ ਸਿੱਧੇ ਤਰੀਕੇ ਨਾਲ ਅਤੇ ਅਤੀ ਜ਼ਰੂਰੀ ਤੌਰ 'ਤੇ ਲੋਕਾਂ ਦੀ ਸਹਾਇਤਾ ਕਰਨ ਅਤੇ ਨੌਕਰੀਆਂ ਬਚਾਉਣ ਵਾਸਤੇ $3.7 ਬਿਲੀਅਨ ਦੇ ਫੰਡ ਦਾ ਵੀ ਐਲਾਨ ਕੀਤਾ ਹੈ।

"ਇਸ ਅੰਤਰਰਾਸ਼ਟਰੀ ਮਹਾਂਮਾਰੀ ਦੇ ਦੌਰਾਨ, ਮੈਂ ਚਾਹੁੰਦਾ ਹਾਂ ਕਿ ਓਨਟੈਰੀਓ ਦੇ ਲੋਕ ਆਪਣੀ ਸਿਹਤ ਉੱਤੇ ਧਿਆਨ ਕੇਂਦਰਿਤ ਕਰਨ — ਨਾ ਕਿ ਆਪਣੀ ਨੌਕਰੀ ਗੁਆਉਣ ਬਾਰੇ ਜਾਂ ਇਸ ਬਾਰੇ ਚਿੰਤਾ ਕਰਨ ਕਿ ਗੁਜ਼ਾਰਾ ਕਿਵੇਂ ਕਰਨਾ ਹੈ ਜਦ ਉਹ ਅਣਕਿਆਸੇ ਵਾਧੂ ਖ਼ਰਚਿਆਂ ਨਾਲ ਸਿੱਝਦੇ ਹਨ" ਮੰਤਰੀ Phillips ਨੇ ਕਿਹਾ। "ਅਸੀਂ ਓਨਟੈਰੀਓ ਵਿੱਚ ਹਰ ਵਿਅਕਤੀ ਵਾਸਤੇ ਜ਼ਿੰਦਗੀ ਥੋੜ੍ਹੀ ਵਧੇਰੇ ਪ੍ਰਬੰਧਨਯੋਗ ਬਣਾਉਣ ਵਿੱਚ ਮਦਦ ਕਰ ਰਹੇ ਹਾਂ, ਜਦਕਿ ਅਸੀਂ ਉਹਨਾਂ ਲੋਕਾਂ ਨੂੰ ਵਧੀਕ ਸਹਾਇਤਾ ਵੀ ਪ੍ਰਦਾਨ ਕਰਾ ਰਹੇ ਹਾਂ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।"

COVID-19 ਮਹਾਂਮਾਰੀ ਵਾਸਤੇ ਸਰਕਾਰ ਦੇ ਜਵਾਬ ਨੂੰ ਮਜ਼ਬੂਤ ਕਰਨ ਲਈ ਅਤੇ ਲੋਕਾਂ, ਪਰਿਵਾਰਾਂ, ਕਾਮਿਆਂ ਅਤੇ ਰੁਜ਼ਗਾਰਦਾਤਾਵਾਂ ਦੀ ਸਹਾਇਤਾ ਕਰਨ ਲਈ ਸਰਕਾਰ ਦੀ ਯੋਜਨਾ ਵਿਚਲੀਆਂ ਮੁੱਖ ਪਹਿਲਕਦਮੀਆਂ ਵਿੱਚ ਇਹ ਸ਼ਾਮਲ ਹਨ:

ਲੋਕ ਅਤੇ ਨੌਕਰੀਆਂ

- 12 ਸਾਲਾਂ ਤੱਕ ਦੀ ਉਮਰ ਦੇ ਹਰ ਬੱਚੇ ਲਈ $200 ਦਾ ਇੱਕ-ਮੁਸ਼ਤ ਭੁਗਤਾਨ ਕਰਕੇ, ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ $250 ਦਾ ਭੁਗਤਾਨ ਕਰਕੇ, ਜਿਸ ਵਿੱਚ ਨਿੱਜੀ ਸਕੂਲਾਂ ਵਿੱਚ ਦਾਖਲ ਬੱਚੇ ਵੀ ਸ਼ਾਮਲ ਹਨ, COVID-19 ਮਹਾਂਮਾਰੀ ਦੌਰਾਨ ਸਕੂਲ ਅਤੇ ਦੈਨਿਕ-ਸੰਭਾਲ (daycare) ਦੇ ਬੰਦ ਹੋਣ ਨਾਲ ਜੁੜੇ ਵਾਧੂ ਖ਼ਰਚਿਆਂ ਵਾਸਤੇ ਭੁਗਤਾਨ ਕਰਨ ਵਿੱਚ ਪਰਿਵਾਰਾਂ ਦੀ ਮਦਦ ਕਰਨਾ।
- ਛੇ ਮਹੀਨਿਆਂ ਵਾਸਤੇ ਘੱਟ-ਆਮਦਨ ਵਾਲੇ ਬਜ਼ੁਰਗਾਂ ਲਈ Guaranteed Annual Income System (GAINS – ਗਰੰਟੀਸ਼ੁਦਾ ਸਾਲਾਨਾ ਆਮਦਨ ਪ੍ਰਣਾਲੀ) ਨੂੰ ਦੁੱਗਣਾ ਕਰਨ ਦੀ ਤਜਵੀਜ਼ ਕਰਨਾ।

- 2020-21 **ਵਿੱਚ ਬਿਜਲੀ ਦੀ ਲਾਗਤ ਵਾਸਤੇ ਰਾਹਤ ਦੇ ਪ੍ਰੋਗਰਾਮਾਂ ਵਾਸਤੇ ਲਗਭਗ** $5.6 **ਬਿਲੀਅਨ ਪ੍ਰਦਾਨ ਕਰਵਾਉਣ ਦੁਆਰਾ**, **ਜੋ ਕਿ** *2019 **ਬੱਜਟ*** **ਯੋਜਨਾ ਦੀ ਤੁਲਨਾ ਵਿੱਚ ਲਗਭਗ** $1.5 **ਬਿਲੀਅਨ ਵੱਧ ਹੈ**, **ਯੋਗਤਾ ਪੂਰੀ ਕਰਨ ਵਾਲੇ ਰਿਹਾਇਸ਼ੀ**, **ਖੇਤਾਂ ਵਿੱਚ ਰਹਿਣ ਵਾਲੇ ਅਤੇ ਛੋਟੇ ਕਾਰੋਬਾਰ ਵਾਲੇ ਖਪਤਕਾਰਾਂ ਦੀ ਬਿਜਲੀ ਦੇ ਵਧੇਰੇ ਪੁੱਗਣਯੋਗ ਬਿੱਲਾਂ ਨਾਲ ਸਹਾਇਤਾ ਕਰਨਾ।**
- **ਰਿਹਾਇਸ਼ੀ**, **ਖੇਤਾਂ ਵਿੱਚ ਰਹਿਣ ਵਾਲੇ ਅਤੇ ਛੋਟੇ ਕਾਰੋਬਾਰ ਵਾਲੇ ਵਰਤੋਂ-ਦੇ-ਸਮੇਂ ਮੁਤਾਬਿਕ ਅਦਾਇਗੀ ਕਰਨ ਵਾਲੇ ਖਪਤਕਾਰਾਂ ਵਾਸਤੇ** 45 **ਦਿਨਾਂ ਲਈ ਦਿਨ ਦੇ** 24 **ਘੰਟੇ ਬਿਜਲੀ ਦੀਆਂ ਦਰਾਂ ਸਭ ਤੋਂ ਘੱਟ ਦਰ ’ਤੇ ਤੈਅ ਕਰਕੇ**, **ਜਿਸਨੂੰ ਆਫ-ਪੀਕ** (off-peak) **ਕੀਮਤ ਵਜੋਂ ਜਾਣਿਆ ਜਾਂਦਾ ਹੈ**, **ਬਿਜਲੀ ਦੇ ਵਧੇਰੇ ਪੁੱਗਣਯੋਗ ਬਿੱਲਾਂ ਨਾਲ ਉਹਨਾਂ ਦੀ ਹੋਰ ਸਹਾਇਤਾ ਕਰਨਾ ਤਾਂ ਜੋ ਰੇਟ ਮੁਤਾਬਿਕ ਭੁਗਤਾਨ ਕਰਨ ਵਾਲਿਆਂ ਦੀ ਦਿਨ ਦੇ ਸਮੇਂ ਦੌਰਾਨ ਉਹਨਾਂ ਦੇ ਵਧ ਚੁੱਕੇ ਬਿਜਲੀ ਦੇ ਉਪਯੋਗ ਵਿੱਚ ਸਹਾਇਤਾ ਕੀਤੀ ਜਾ ਸਕੇ ਜਦ ਉਹ** COVID-19 **ਮਹਾਂਮਾਰੀ ਨਾਲ ਨਿਪਟਦੇ ਹਨ**, **ਅਤੇ ਵਰਤੋਂ-ਦੇ-ਸਮੇਂ ਮੁਤਾਬਿਕ ਮੀਟਰ ਚੱਲਣ ਬਾਬਤ ਉਹਨਾਂ ਦੇ ਸ਼ੰਕਿਆਂ ਨੂੰ ਹੱਲ ਕੀਤਾ ਜਾ ਸਕੇ।**
- **ਇਮਪਲਾਇਰ ਹੈਲਥ ਟੈਕਸ** (EHT) **ਛੋਟ ਵਿੱਚ ਤਜਵੀਜ਼ ਕੀਤੇ ਇੱਕ ਅਸਥਾਈ ਵਾਧੇ ਰਾਹੀਂ ਲਗਭਗ** 57,000 **ਰੁਜ਼ਗਾਰਦਾਤਾਵਾਂ ਲਈ ਟੈਕਸਾਂ ਵਿੱਚ** $355 **ਮਿਲੀਅਨ ਦੀ ਕਟੌਤੀ ਕਰਨਾ।**
- Low-income Energy Assistance Program (LEAP – **ਘੱਟ-ਆਮਦਨ ਵਾਲਿਆਂ ਲਈ ਊਰਜਾ ਸਹਾਇਤਾ ਪ੍ਰੋਗਰਾਮ**) **ਵਾਸਤੇ ਯੋਗਤਾ ਦਾ ਵਿਸਤਾਰ ਕਰਕੇ ਪਰਿਵਾਰਾਂ ਦੇ ਊਰਜਾ ਬਿੱਲਾਂ ਵਾਸਤੇ ਸਿੱਧੀ ਸਹਾਇਤਾ ਵਜੋਂ** $9 **ਮਿਲੀਅਨ ਪ੍ਰਦਾਨ ਕਰਾਉਣਾ ਅਤੇ ਇਹ ਯਕੀਨੀ ਬਣਾਉਣਾ ਕਿ** COVID-19 **ਮਹਾਂਮਾਰੀ ਦੌਰਾਨ ਭੁਗਤਾਨ ਨਾ ਕਰਨ ਕਰਕੇ ਉਹਨਾਂ ਦੀਆਂ ਬਿਜਲੀ ਅਤੇ ਕੁਦਰਤੀ ਗੈਸ ਸੇਵਾਵਾਂ ਦਾ ਕਨੈਕਸ਼ਨ ਨਹੀਂ ਕੱਟਿਆ ਜਾਂਦਾ।**
- **ਮੂਹਰਲੀ ਕਤਾਰ ਵਿੱਚ ਕੰਮ ਕਰਨ ਵਾਲੇ ਮਾਪਿਆਂ**, **ਜਿਵੇਂ ਕਿ ਸਿਹਤ ਸੰਭਾਲ ਵਰਕਰਾਂ**, **ਪੁਲਿਸ ਅਫਸਰਾਂ**, **ਅੱਗ-ਬੁਝਾਊ ਅਮਲਾ ਅਤੇ ਕਰੈਕਸ਼ਨਲ ਅਫਸਰਾਂ** (correctional officers) **ਦੀ ਸਹਾਇਤਾ ਕਰਨ ਲਈ ਸੰਕਟਕਾਲੀ ਬਾਲ ਸੰਭਾਲ ਵਿਕਲਪ ਪ੍ਰਦਾਨ ਕਰਵਾਉਣਾ।**
- Ontario Works **ਵੱਲੋਂ ਸੰਚਾਲਿਤ ਕੀਤੇ ਜਾਂਦੇ ਸੰਕਟਕਾਲੀ ਸਹਾਇਤਾ ਪ੍ਰੋਗਰਾਮ ਤੱਕ ਪਹੁੰਚ ਦਾ ਵਿਸਤਾਰ ਕਰਨਾ ਤਾਂ ਜੋ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਾਈ ਜਾ ਸਕੇ ਅਤੇ ਹੋਰ ਵਧੇਰੇ ਲੋਕਾਂ ਨੂੰ ਇਸ ਜਨਤਕ ਸਿਹਤ ਸੰਕਟਕਾਲ ਦੌਰਾਨ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਵਿੱਚ ਮਦਦ ਕੀਤੀ ਜਾ ਸਕੇ**, **ਜਿਵੇਂ ਕਿ ਭੋਜਨ ਅਤੇ ਕਿਰਾਇਆ।**
- **ਦਾਨੀ ਅਤੇ ਗੈਰ-ਮੁਨਾਫਾ ਸਮਾਜਕ ਸੇਵਾਵਾਂ ਸੰਗਠਨਾਂ ਜਿਵੇਂ ਕਿ ਫੂਡ ਬੈਂਕਾਂ**, **ਬੇਘਰੇ ਲੋਕਾਂ ਲਈ ਰੈਣ-ਬਸੇਰਿਆਂ**, **ਗਿਰਜਾਘਰਾਂ ਅਤੇ ਸੰਕਟਕਾਲੀ ਸੇਵਾਵਾਂ ਵਾਸਤੇ ਫੰਡ ਸਹਾਇਤਾ ਨੂੰ** $148 **ਮਿਲੀਅਨ ਤੱਕ ਵਧਾਉਣਾ ਤਾਂ ਜੋ** COVID-19 **ਨਾਲ ਨਜਿੱਠਣ ਦੀ ਉਹਨਾਂ ਦੀ ਸਮਰੱਥਾ ਵਿੱਚ ਸੁਧਾਰ ਕੀਤਾ ਜਾ ਸਕੇ**, **ਅਜਿਹਾ** Consolidated Municipal Service Managers (**ਸੰਚਿਤ ਨਗਰਪਾਲਿਕਾ ਸੇਵਾ ਮੈਨੇਜਰ**) **ਅਤੇ** District Social Service Administration Boards (**ਜ਼ਿਲ੍ਹਾ ਸਮਾਜਕ ਸੇਵਾ ਪ੍ਰਸਾਸ਼ਨ ਬੋਰਡ**) **ਨੂੰ ਸਿੱਧੀ ਫੰਡ ਸਹਾਇਤਾ ਦੇਕੇ ਕੀਤਾ ਜਾਵੇਗਾ ਜੋ ਇਹਨਾਂ ਫੰਡਾਂ ਨੂੰ ਸਥਾਨਕ ਲੋੜਾਂ ਮੁਤਾਬਿਕ ਵੰਡਣਗੇ।**
- Ontario Student Assistance Program (OSAP – **ਓਨਟੈਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ**) **ਦੇ ਕਰਜ਼ੇ ਅਤੇ ਵਿਆਜ਼ ਇਕੱਠਾ ਹੋਣ ਉੱਤੇ ਵਿਦਿਆਰਥੀਆਂ ਨੂੰ ਛੇ ਮਹੀਨੇ ਦੀ ਰਾਹਤ ਪ੍ਰਦਾਨ ਕਰਾਉਣਾ**, **ਜਿਸ ਨਾਲ ਲੋਕਾਂ ਦੀਆਂ ਜੇਬਾਂ ਵਿੱਚ ਵਧੇਰੇ ਪੈਸਾ ਬਚੇਗਾ।**
- **ਤਜਵੀਜ਼ ਕੀਤੇ ਗਏ ਇੱਕ ਨਵੇਂ** Corporate Income Tax Credit (**ਕਾਰਪੋਰੇਟ ਆਮਦਨ ਟੈਕਸ ਕ੍ਰੈਡਿਟ**), Regional Opportunities Investment Tax Credit (**ਖੇਤਰੀ ਮੌਕਿਆਂ ਵਿੱਚ ਨਿਵੇਸ਼ ਲਈ ਟੈਕਸ ਕ੍ਰੈਡਿਟ**) **ਨਾਲ ਉਹਨਾਂ ਖੇਤਰਾਂ ਦੀ ਸਹਾਇਤਾ ਕਰਨ ਵਿੱਚ ਮਦਦ ਕਰਨਾ ਜੋ ਰੁਜ਼ਗਾਰ ਦੇ ਵਾਧੇ ਵਿੱਚ ਪਿਛੜੇ ਹੋਏ ਹਨ।**

- **ਆਦਿਵਾਸੀ ਲੋਕਾਂ ਅਤੇ ਭਾਈਚਾਰਿਆਂ ਨੂੰ** $26 **ਮਿਲੀਅਨ ਦੀਆਂ ਵਾਧੂ ਸਹਾਇਤਾਵਾਂ ਪ੍ਰਦਾਨ ਕਰਾਉਣਾ**, **ਜਿਸ ਵਿੱਚ ਵਿੱਤੀ ਲੋੜ ਵਾਲੇ ਸ਼ਹਿਰੀ ਆਦਿਵਾਸੀ ਲੋਕਾਂ ਵਾਸਤੇ ਸੰਕਟਕਾਲੀ ਸਹਾਇਤਾ**, **ਅਤੇ ਦੂਰ-ਦੁਰਾਡੇ ਦੇ ਫਸਟ ਨੇਸ਼ਨਜ਼** (First Nations) **ਲੋਕਾਂ ਤੱਕ ਪਹੁੰਚ ਕਰਨ ਲਈ ਸਿਹਤ ਸੰਭਾਲ ਪੇਸ਼ੇਵਰਾਂ ਅਤੇ ਅਤੀ ਜ਼ਰੂਰੀ ਸਪਲਾਈਆਂ ਵਾਸਤੇ ਲਾਗਤਾਂ ਵੀ ਸ਼ਾਮਲ ਹਨ।**

**ਸਰਕਾਰ ਦੀ ਯੋਜਨਾ ਵਿੱਚ ਅਜਿਹੇ ਉਪਾਅ ਵੀ ਸ਼ਾਮਲ ਹਨ ਜੋ ਟੈਕਸ ਅਤੇ ਹੋਰ ਸਥਗਿਤੀਆਂ** (deferrals) **ਰਾਹੀਂ ਲੋਕਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ** $10 **ਬਿਲੀਅਨ ਦੇ ਫੰਡ ਉਪਲਬਧ ਕਰਵਾਉਣਗੇ ਤਾਂ ਜੋ ਆਉਣ ਵਾਲੇ ਮਹੀਨਿਆਂ ਵਿੱਚ ਉਹਨਾਂ ਦੀ ਨਕਦੀ ਦੇ ਪ੍ਰਵਾਹ** (cash flows) **ਵਿੱਚ ਸੁਧਾਰ ਕੀਤਾ ਜਾ ਸਕੇ**, **ਇਹਨਾਂ ਵਿੱਚ ਇਹ ਸ਼ਾਮਲ ਹਨ**:

- **ਪ੍ਰਾਂਤਕੀ ਤੌਰ 'ਤੇ ਸੰਚਾਲਿਤ ਕੀਤੇ ਜਾਂਦੇ ਜ਼ਿਆਦਾਤਰ ਟੈਕਸਾਂ ਵਾਸਤੇ ਰਿਟਰਨ ਦਾਇਰ ਕਰਨ ਅਤੇ ਭੁਗਤਾਨ ਅਦਾ ਕਰਨ ਲਈ ਕਾਰੋਬਾਰਾਂ ਵਾਸਤੇ ਵਿਆਜ਼ ਅਤੇ ਜੁਰਮਾਨੇ ਤੋਂ ਪੰਜ ਮਹੀਨਿਆਂ ਤੱਕ ਲਈ ਰਾਹਤ ਪ੍ਰਦਾਨ ਕਰਵਾਉਣ ਦੁਆਰਾ** $6 **ਬਿਲੀਅਨ ਉਪਲਬਧ ਕਰਵਾਉਣਾ।**
- **ਆਗਾਮੀ** 30 **ਜੂਨ ਨੂੰ ਸਕੂਲ ਬੋਰਡਾਂ ਨੂੰ ਸਿੱਖਿਆ ਜਾਇਦਾਦ ਟੈਕਸ ਦੀ ਤਿਮਾਹੀ ਨਗਰਪਾਲਿਕਾ ਅਦਾਇਗੀ** 90 **ਦਿਨਾਂ ਤੱਕ ਮੁਲਤਵੀ ਕਰਕੇ** $1.8 **ਬਿਲੀਅਨ ਤੋਂ ਵਧੇਰੇ ਫੰਡ ਪ੍ਰਦਾਨ ਕਰਾਉਣਾ**, **ਜੋ ਬਦਲੇ ਵਿੱਚ**, **ਨਗਰਪਾਲਿਕਾਵਾਂ ਨੂੰ ਵਸਨੀਕਾਂ ਅਤੇ ਕਾਰੋਬਾਰਾਂ ਨੂੰ ਜਾਇਦਾਦ ਟੈਕਸ ਦੀ ਅਦਾਇਗੀ ਵਿੱਚ ਸਥਗਿਤੀਆਂ** (deferrals) **ਪ੍ਰਦਾਨ ਕਰਾਉਣ ਦੀ ਲਚਕਦਾਰਤਾ ਮੁਹੱਈਆ ਕਰੇਗਾ**, **ਅਤੇ ਨਾਲ ਹੀ ਇਹ ਵੀ ਯਕੀਨੀ ਬਣਾਵੇਗਾ ਕਿ ਸਕੂਲ ਬੋਰਡਾਂ ਨੂੰ ਆਪਣੀ ਫੰਡ ਸਹਾਇਤਾ ਮਿਲਣੀ ਜਾਰੀ ਰਹਿੰਦੀ ਹੈ।**
- Workplace Safety and Insurance Board (WSIB – **ਕਾਰਜ ਸੁਰੱਖਿਆ ਅਤੇ ਬੀਮਾ ਬੋਰਡ**) **ਦੁਆਰਾ** $1.9 **ਬਿਲੀਅਨ ਉਪਲਬਧ ਕਰਵਾਉਣਾ ਤਾਂ ਜੋ ਰੁਜ਼ਗਾਰਦਾਤਾਵਾਂ ਨੂੰ ਛੇ ਮਹੀਨਿਆਂ ਤੱਕ ਭੁਗਤਾਨ ਮੁਲਤਵੀ ਕਰਨ ਦੇ ਯੋਗ ਬਣਾਇਆ ਜਾ ਸਕੇ।**

"**ਅਸੀਂ ਕਾਰੋਬਾਰਾਂ ਅਤੇ ਲੋਕਾਂ ਵਾਸਤੇ ਬੋਝ ਨੂੰ ਘੱਟ ਕਰਨ ਲਈ ਜ਼ਿੰਮੇਵਾਰਾਨਾ ਕਦਮ ਉਠਾ ਰਹੇ ਹਾਂ**," **ਮੰਤਰੀ** Phillips **ਨੇ ਕਿਹਾ।** "**ਇਕੱਠਿਆਂ ਮਿਲਕੇ**, **ਇਹ ਕਾਰਵਾਈਆਂ ਇਸ ਅਨਿਸ਼ਚਿਤ ਸਮੇਂ ਦੌਰਾਨ ਕਾਰੋਬਾਰਾਂ ਅਤੇ ਲੋਕਾਂ ਵਾਸਤੇ ਨਕਦੀ ਪ੍ਰਵਾਹਾਂ** (cash flows) **ਦੇ ਰੂਪ ਵਿੱਚ** $10 **ਬਿਲੀਅਨ ਤੱਕ ਮੁਕਤ ਕਰ ਸਕਦੀਆਂ ਹਨ**, **ਜਿਸ ਨਾਲ ਨੌਕਰੀਆਂ ਅਤੇ ਘਰੇਲੂ ਬੱਜਟਾਂ ਦੀ ਰੱਖਿਆ ਕਰਨ ਵਿੱਚ ਮਦਦ ਮਿਲੇਗੀ।**"

**ਕੁਝ ਤੱਥ**

- '***ਮਾਰਚ*** *2020* ***ਆਰਥਿਕ ਅਤੇ ਵਿੱਤੀ ਅੱਪਡੇਟ***' **ਅੱਗੇ ਆਉਣ ਵਾਲੇ ਸਾਲ ਵਾਸਤੇ ਯੋਜਨਾਬੰਦੀ ਦੀਆਂ ਧਾਰਨਾਵਾਂ ਪ੍ਰਦਾਨ ਕਰਾਉਂਦਾ ਹੈ। ਸਰਕਾਰ ਸਾਰਾ ਸਾਲ ਪ੍ਰਾਂਤ ਦੇ ਵਿੱਤੀ ਅਤੇ ਆਰਥਿਕ ਦ੍ਰਿਸ਼ ਬਾਰੇ ਬਕਾਇਦਾ ਅੱਪਡੇਟ ਪ੍ਰਦਾਨ ਕਰਾਵੇਗੀ।**
- **ਪ੍ਰਾਂਤ** 2019–20 **ਵਿੱਚ** $9.2 **ਬਿਲੀਅਨ ਦੇ ਵਿੱਤੀ ਘਾਟੇ ਦਾ ਅਨੁਮਾਨ ਪੇਸ਼ ਕਰ ਰਿਹਾ ਹੈ**, **ਜੋ** 2019 **ਦੇ ਬੱਜਟ ਦੇ ਮੁਕਾਬਲੇ** $1.1 **ਬਿਲੀਅਨ ਦਾ ਸੁਧਾਰ ਹੈ।** COVID-19 **ਮਹਾਂਮਾਰੀ ਵਾਸਤੇ ਜਵਾਬ ਦੇ ਨਤੀਜੇ ਵਜੋਂ**, **ਸਰਕਾਰ** 2020–21 **ਵਿੱਚ** $20.5 **ਬਿਲੀਅਨ ਦੇ ਵਿੱਤੀ ਘਾਟੇ ਦੀ ਯੋਜਨਾ ਬਣਾ ਰਹੀ ਹੈ।**
- 2020–21 **ਵਿੱਚ ਓਨਟੈਰੀਓ ਦਾ** $2.5 **ਬਿਲੀਅਨ ਦਾ ਰਾਖਵਾਂ ਕੋਸ਼ ਇਤਿਹਾਸ ਦਾ ਹੁਣ ਤੱਕ ਦਾ ਸਰਵਉੱਚ ਹੈ।**

- **ਸਰਕਾਰ** 15 **ਨਵੰਬਰ**, 2020 **ਤੱਕ ਇੱਕ ਬਹੁ-ਸਾਲਾਂ ਪ੍ਰਾਂਤਕੀ ਬੱਜਟ ਰਿਲੀਜ਼ ਕਰੇਗੀ। ਇਹ ਜ਼ਿੰਮੇਵਾਰਾਨਾ ਪਹੁੰਚ ਸਰਕਾਰ ਨੂੰ ਆਰਥਿਕ ਪ੍ਰਸਥਿਤੀ ਦਾ ਮੁਲਾਂਕਣ ਕਰਨਾ ਜਾਰੀ ਰੱਖਣ ਅਤੇ ਸਭ ਤੋਂ ਹਾਲੀਆ ਅਤੇ ਭਰੋਸੇਯੋਗ ਅੰਕੜਿਆਂ ਦੇ ਆਧਾਰ 'ਤੇ ਲੰਬੀ-ਮਿਆਦ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਰੱਖਣ ਦੇ ਯੋਗ ਬਣਾਵੇਗੀ।**

**ਵਧੀਕ ਸਰੋਤ**

- *ਓਨਟੈਰੀਓ ਦੀ ਕਾਰਵਾਈ ਯੋਜਨਾ: COVID-19 ਵਾਸਤੇ ਕਦਮ ਉਠਾਉਣਾ (ਮਾਰਚ 2020 ਆਰਥਿਕ ਅਤੇ ਵਿੱਤੀ ਅੱਪਡੇਟ)*
- COVID-19 ਬਾਰੇ ਜਾਣਕਾਰੀ

---

**ਮੀਡੀਆ ਸੰਪਰਕ**

**ontario.ca/finance-news**
*Disponible en français*


**Emily Hogeveen**
**ਮੰਤਰੀ ਦਾ ਦਫਤਰ**

647-294-6166
Emily.Hogeveen@ontario.ca

**Scott Blodgett**
**ਕਮਿਊਨੀਕੇਸ਼ਨਜ਼ ਬਰਾਂਚ**

416-728-9791
Scott.Blodgett@ontario.ca